Surrey Schools
LEADERSHIP IN LEARNING

Tel: 604.596.7733
www.surreyschools.ca

# Hospital Homebound Program

# ਬਿਮਾਰ ਜਾਂ ਸੱਟ ਫੇਟ ਤੋਂ ਸ਼ਿਕਾਰੀ ਵਿਦਿਆਰਥੀਆਂ ਲਈ ਪੜ੍ਹਾਈ ਦਾ ਪ੍ਰੋਗਰਾਮ

## ਇਹ ਪ੍ਰੋਗਰਾਮ ਕੀ ਹੈ ?

ਇਸ ਪ੍ਰੋਗਰਾਮ ਰਾਹੀਂ ਸਕੂਲ ਡਿਸਟਰਿਕਟ ਦੇ ਅਧਿਆਪਕ ਓਹਨਾਂ ਬੱਚਿਆਂ ਨੂੰ ਵਿਦਿਆ ਸਿਖਾਂਦੇ ਹਨ ਜੋ ਕਿਸੇ ਬਿਮਾਰੀ ਜਾਂ ਸੱਟ ਫੇਟ ਕਾਰਨ ਸਕੂਲ ਨਹੀਂ ਆ ਸਕਦੇ। ਇਸ ਪ੍ਰੋਗਰਾਮ ਦਾ ਮੁੱਖ ਟੀਚਾ ਇਹੀ ਹੈ ਕਿ ਇਸ ਤਰਾਂ ਦੇ ਵਿਦਿਆਰਥੀ ਵਾਪਿਸੀ ਓਪਰ ਬਿਨਾਂ ਕਿਸੇ ਦਿੱਕਤ ਆਪਣੀ ਕਲਾਸ ਵਿੱਚ ਚੱਲ ਸਕਣ। ਇਹ ਪੜ੍ਹਾਈ ਸਰੀ ਮੈਮੋਰੀਅਲ ਹਸਪਤਾਲ, ਪੀਸ ਆਰਚ ਹਸਪਤਾਲ ਜਾਂ ਘਰ ਦਿੱਤੀ ਜਾ ਸਕਦੀ ਹੈ।

## ਵਿਦਿਆਰਥੀ ਕਦੋਂ ਇਸ ਪ੍ਰੋਗਰਾਮ ਦੇ ਯੋਗ ਹੈ ?

ਜਦੋਂ ਕੋਈ ਵੀ ਸਰੀ ਸਕੂਲ ਡਿਸਟਰਿਕਟ ਦਾ ਵਿਦਿਆਰਥੀ 5 ਜਾਂ ਵੱਧ ਦਿਨਾਂ ਲਈ ਸਕੂਲ ਤੋਂ ਗੈਰਹਾਜ਼ਿਰ ਰਹੇ ਤਾਂ ਓਹ ਵਿਦਿਆਰਥੀ ਇਸ ਪ੍ਰੋਗਰਾਮ ਦੇ ਧਿਆਨ ਵਿੱਚ ਲਿਆਂਦੇ ਜਾ ਸਕਦੇ ਹਨ। ਇਹ ਸਕੂਲ ਦੇ ਪ੍ਰਿੰਸੀਪਲ, ਕਲਾਸ ਦੇ ਅਧਿਆਪਕ, ਸਕੂਲ ਦੀ ਨਰਸ, ਡਾਕਟਰ ਜਾਂ ਮਾਪਿਆ ਰਾਹੀਂ ਕੀਤਾ ਜਾ ਸਕਦਾ ਹੈ। ਇਹਨਾਂ ਕਾਰਣਾਂ ਕਰਕੇ ਵਿਦਿਆਰਥੀ ਨੂੰ ਇਸ ਪ੍ਰੋਗਰਾਮ ਦੇ ਧਿਆਨ ਵਿੱਚ ਲਿਆਂਦਾ ਜਾ ਸਕਦਾ ਹੈ:

ਹਸਪਤਾਲ ਵਿੱਚ ਆਪਰੇਸ਼ਨ, ਦੁਰਘਟਨਾਂ, ਸਰੀਰ ਵਿੱਚ ਇਨਫੈਕਸ਼ਨ, ਢਿੱਡ ਵਿੱਚ ਮੁਸੀਬਤ, ਕੈਂਸਰ, ਸਾਹ ਸੰਬਧੀ ਦੁੱਖ ਤਕਲੀਫ, ਮਾਨਸਿਕ ਮੁਸੀਬਤਾਂ ਜਾਂ ਹੋਰ ਬਿਮਾਰੀਆਂ।

ਜਦੋਂ ਵਿਦਿਆਰਥੀ ਹਸਪਤਾਲ ਵਿੱਚ, ਥੋੜੇ ਜਾਂ ਲੰਬੇ ਸਮੇਂ ਲਈ ਦਾਖਿਲ ਹੋ ਜਾਵੇ ਤਾਂ ਇਸ ਪ੍ਰੋਗਰਾਮ ਦੇ ਅਧੀਨ ਲਿਆਂਦਾ ਜਾ ਸਕਦਾ ਹੈ।

## ਵਿਦਿਆਰਥੀ ਤੋਂ ਕਿਹੜਾ ਕੰਮ ਕਰਾਇਆ ਜਾਂਦਾ ਹੈ ?

ਬਿਮਾਰ ਬੱਚੇ ਨੂੰ ਪੜ੍ਹਾਉਣ ਵਾਲਾ ਅਧਿਆਪਕ, ਬੱਚੇ ਦੇ ਸਕੂਲ ਦੇ ਅਧਿਆਪਕ ਨੂੰ ਮਿਲ ਕੇ ਅਤੇ ਲੋੜੀਂਦੇ ਕੰਮ ਦੀ ਜਾਣਕਾਰੀ ਲੈ ਕਿ ਬੱਚੇ ਨੂੰ ਪੜ੍ਹਾਓਂਦਾ ਹੈ। ਬੱਚੇ ਦੀ ਸਿਹਤ ਜਾਂ ਸੱਟ ਦੇ ਮੁਤਾਬਿਕ, ਅਧਿਆਪਕ ਸਕੂਲ ਦੇ ਕੰਮ ਨੂੰ ਤਬਦੀਲ ਵੀ ਕਰ ਸਕਦਾ ਹੈ ਤਾਂ ਕਿ ਬੱਚੇ ਓਪਰ ਕੰਮ ਦਾ ਗਲਤ ਅਸਰ ਨਾਂ ਪਵੇ। ਇਸ ਕੰਮ ਲਈ ਲੋੜੀਂਦੀਆਂ ਕਿਤਾਬਾਂ ਜਾਂ ਵਰਕ ਸ਼ੀਟਸ ਅਧਿਆਪਕ ਨਾਲ ਲੈ ਕਿ ਆਵੇਗਾ। ਕੋਸ਼ਿਸ਼ ਇਹ ਹੋਏਗੀ ਕਿ ਬੱਚਾ ਇਸ ਤਰਾਂ ਮਹਿਸੂਸ ਕਰੇ ਕਿ ਓਹ ਸਕੂਲ ਵਿੱਚ ਹੀ ਬੈਠਾ ਹੋਵੇ।

ਇਸ ਪ੍ਰੋਗਰਾਮ ਦੀ ਹੋਰ ਜਾਣਕਾਰੀ ਲਈ ਫੋਨ ਕਰੋ : 604-595-5325
ਸਾਡੀ ਵੈਬ ਸਾਈਟ ਤੋ ਵੀ ਜਾਣਕਾਰੀ ਲੈ ਸਕਦੇ ਹੋ :
www.surreyschools.ca/departments/EDSC/Pages/default.aspx